# ਨਾਟਕ 'ਮੇਲੋ' ਅਤੇ 'ਕਿਚਨ ਕਥਾ'

## ਕਲਾ ਤੇ ਜ਼ਿੰਦਗੀ

ਗੁਰਸ਼ਰਨ ਸਿੰਘ

ਅੱਜ ਦੇ ਪੰਜਾਬੀ ਥੀਏਟਰ ਦੀ ਇਹ ਪਹਿਚਾਣ ਹੈ ਕਿ ਇਸ ਵਿਚ ਇਕ ਪਾਸੇ ਅਵਾਮੀ ਥੀਏਟਰ ਸਰਗਰਮ ਹੈ, ਦੂਜੇ ਪਾਸੇ ਸੰਵੇਦਨਸ਼ੀਲ ਨਾਟਕ ਵੀ ਪੂਰੀ ਤਰ੍ਹਾਂ ਕਾਇਮ ਹੈ। ਇਹਦੀਆਂ ਦੋ ਮਿਸਾਲਾਂ ਚੰਡੀਗੜ੍ਹ ਵਿਚ ਹੋਇਆ ਨਾਟਕ 'ਮੇਲੋ' ਦਾ ਮੰਚਣ ਹੈ ਅਤੇ ਨਾਲ ਹੀ ਨੀਲਮ ਮਾਨ ਸਿੰਘ ਦੀ ਇਕ ਪ੍ਰਭਾਵਸ਼ਾਲੀ ਪੇਸ਼ਕਾਰੀ 'ਕਿਚਨ ਕਥਾ' ਹੈ। 'ਮੇਲੋ' ਮੇਰਾ ਆਪਣਾ ਲਿਖਿਆ ਨਾਟਕ ਹੈ। ਇਹਦੀ ਪੇਸ਼ਕਾਰੀ ਸਾਦਾ ਅਵਾਮੀ ਸ਼ੈਲੀ ਵਿਚ ਸੀ। 'ਕਿਚਨ ਕਥਾ' ਸੁਰਜੀਤ ਪਾਤਰ ਦੀ ਕਲਮ ਤੋਂ ਹੈ ਅਤੇ ਇਹਦੀ ਪੇਸ਼ਕਾਰੀ ਨੀਲਮ ਮਾਨ ਸਿੰਘ ਦੀ ਸੰਪੂਰਨ ਨਾਟਕ ਸ਼ੈਲੀ ਵਿਚ ਸੀ। ਦੋਨੋਂ ਨਾਟਕਾਂ ਦੇ ਆਪਣੇ ਆਪਣੇ ਦਰਸ਼ਕ ਵਰਗ ਸਨ ਅਤੇ ਉਨ੍ਹਾਂ ਦੀ ਪਸੰਦ ਵੀ ਆਪਣੀ ਆਪਣੀ ਸੀ ਪਰ ਇਹ ਆਸਾਨੀ ਨਾਲ ਕਿਹਾ ਜਾ ਸਕਦਾ ਹੈ ਕਿ ਦੋਵੇਂ ਵੰਨਗੀਆਂ ਦੇ ਨਾਟਕ ਸਮੁੱਚੇ ਪੰਜਾਬੀ ਨਾਟਕ ਦਾ ਅਹਿਮ ਰੂਪ ਹਨ।

ਨਾਟਕ 'ਮੇਲੋ' ਇਕ ਪਿੰਡ ਦੀ ਡਿਸਪੈਂਸਰੀ ਦੀ ਕਹਾਣੀ ਹੈ, ਜਿਥੇ ਮੇਲੋ ਇਕ ਦਾਈ ਹੈ। ਇਸ ਨਾਟਕ ਵਿਚ ਸਾਡੇ ਪਿੰਡਾਂ ਵਿਚ ਜੋ ਸਿਹਤ ਸੇਵਾਵਾਂ ਦਾ ਮਸਲਾ ਹੈ, ਉਸ ਨੂੰ ਇਕ ਦਿਲਚਸਪ ਕਹਾਣੀ ਰਾਹੀਂ ਪੇਸ਼ ਕੀਤਾ ਗਿਆ ਹੈ। ਪਿੰਡ ਦੀ ਇਸ ਡਿਸਪੈਂਸਰੀ ਬਾਰੇ ਇਹ ਦੰਦ ਕਥਾ ਹੈ ਕਿ ਇਥੇ ਕੋਈ ਵੀ ਡਾਕਟਰ ਟਿਕਦਾ ਨਹੀਂ। ਕਿਉਂ ਕਿ ਸ਼ਹਿਰਾਂ ਦੇ ਰਹਿਣ ਵਾਲੇ ਡਾਕਟਰਾਂ ਦੀ ਇਸ ਵਿਚ ਕੋਈ ਦਿਲਚਸਪੀ ਨਹੀਂ ਕਿ ਉਹ ਪਿੰਡਾਂ ਦੀਆ ਡਿਸਪੈਂਸਰੀਆਂ ਜਾਂ ਪੇਂਡੂ ਹਸਪਤਾਲਾਂ ਵਿਚ ਕੰਮ ਕਰਨ। ਹਸਪਤਾਲ ਦਾ ਫਾਰਮਾਸਿਸਟ ਹੀ ਪੂਰੀ ਤਰ੍ਹਾਂ ਹਸਪਤਾਲ ਦਾ ਮਾਲਕ ਹੈ। ਓਹਦਾ ਦਵਾਈਆਂ ਦਾ ਵਪਾਰ ਹੈ ਅਤੇ ਨਾਲ ਹੀ ਪਿੰਡ ਦੇ ਇਕ ਵੈਲੀ ਕਿਸਮ ਦੇ ਬੰਦੇ ਨਾਲ ਰਲ ਕੇ ਨਸ਼ੇ ਵਾਲੀਆਂ ਦਵਾਈਆਂ ਦਾ ਵਪਾਰ ਵੀ ਹੈ। ਇਕ ਡਾਕਟਰ ਧਰਮਵੀਰ ਨਾਂ ਦਾ ਆਉਂਦਾ ਹੈ। ਉਹ ਇਸ ਮਿਸ਼ਨ ਨਾਲ ਆਇਆ ਹੈ ਕਿ ਉਹ ਇਸ ਪਿੰਡ ਦੀ ਡਿਸਪੈਂਸਰੀ ਨੂੰ ਆਧੁਨਿਕ ਸਹੂਲਤਾਂ ਵਾਲੇ ਇਕ ਹਸਪਤਾਲ ਵਿਚ ਬਦਲੇਗਾ ਜਿਥੇ ਗਰੀਬ ਤੋਂ ਗਰੀਬ ਮਰੀਜ਼ ਦਾ ਇਲਾਜ ਵੀ ਹੋਵੇਗਾ ਅਤੇ ਉਹਨੂੰ ਦਵਾਈਆਂ ਵੀ ਮਿਲਣਗੀਆਂ। 'ਮੇਲੋ' ਉਹਦੀ ਸਹਾਈ ਹੈ।

ਮੇਲੋ ਇਕ ਜਾਨਦਾਰ ਪਾਤਰ ਹੈ। ਉਹਦਾ ਦਾਅਵਾ ਹੈ ਕਿ ਅੱਧਾ ਪਿੰਡ ਉਹਦੇ ਹੱਥਾਂ ਵਿਚ ਜੰਮਿਆ ਹੈ। ਉਹ ਪਿੰਡ ਦੇ ਹਰ ਵਿਅਕਤੀ ਨੂੰ ਪੋਤੜਿਆਂ ਤੋਂ ਜਾਣਦੀ ਹੈ। ਮੇਲੋ ਡਾਕਟਰ ਦੇ ਮਿਸ਼ਨ ਦੀ ਕੇਂਦਰੀ ਪਾਤਰ ਹੈ। ਹੋਰ ਪਾਤਰ ਹੈ ਡਿਸਪੈਂਸਰੀ ਵਿਚ ਕੰਮ ਕਰਨ ਵਾਲਾ ਜਮਾਂਦਾਰ ਸ਼ਿੰਗਾਰਾ। ਦੋਨੋਂ ਪਾਤਰਾਂ ਰਾਹੀਂ ਪਿੰਡ ਦੇ ਸਮੁੱਚੇ ਸਮਾਜ ਬਾਰੇ ਇਕ ਦਿਲਚਸਪ ਟਿੱਪਣੀ ਹੈ। ਨਾਟਕ ਦਾ ਅੰਤ ਇਕ ਭਾਵੁਕ ਘਟਨਾ ਹੈ, ਜਦੋਂ ਹਸਪਤਾਲ ਵਿਚ ਬਣ ਰਹੇ ਕਮਰੇ ਦਾ ਨੀਂਹ-ਪੱਥਰ ਮੇਲੋ ਰੱਖਦੀ ਹੈ। ਇਹ ਘਟਨਾ ਉਹਦੇ ਸਵਰਗੀ ਪਤੀ ਦੀ ਯਾਦ ਨਾਲ ਜੁੜਦੀ ਹੈ ਜਦੋਂ ਉਹਨੇ ਕਿਹਾ ਸੀ ਕਿ ਉਹ ਆਪਣੇ ਕੱਚੇ ਘਰ ਵਿਚ ਇਕ ਬੈਠਕ ਪਾਵੇਗਾ ਅਤੇ ਉਸ ਬੈਠਕ ਦਾ ਨੀਂਹ-ਪੱਥਰ ਮੇਲੋ ਉਰਫ ਗੁਰਮੇਲ ਕੌਰ ਦੇ ਕਰ ਕਮਲਾਂ ਤੋਂ ਰਖਵਾਏਗਾ। ਇਹ ਹਸਪਤਾਲ ਦਾ ਕਮਰਾ ਪਿੰਡ ਦੀ ਸਾਂਝੀ ਮਿਹਨਤ ਨਾਲ ਬਣਾਇਆ ਗਿਆ ਹੈ। ਇਕ ਸਮਾਜਿਕ ਮਸਲੇ ਨੂੰ ਆਪਣੀ ਲਪੇਟ ਵਿਚ ਲੈਂਦਾ ਹੋਇਆ, ਇਹ ਨਾਟਕ ਇਕ ਸ਼ਕਤੀਸ਼ਾਲੀ ਸੁਨੇਹੇ ਨਾਲ ਖਤਮ ਹੁੰਦਾ ਹੈ। ਅਵਾਮੀ ਥੀਏਟਰ ਦੀ ਸ਼ੈਲੀ ਵਿਚ ਪੇਸ਼ ਕੀਤਾ ਗਿਆ ਇਹ ਨਾਟਕ ਆਪਣਾ ਪ੍ਰਭਾਵ ਦੇਣ ਵਿਚ ਪੂਰੀ ਤਰ੍ਹਾਂ ਸਫਲ ਰਿਹਾ।

ਨਾਟਕ 'ਕਿਚਨ ਕਥਾ' ਨੀਲਮ ਮਾਨ ਸਿੰਘ ਦੀ ਸਥਾਪਤ ਸ਼ੈਲੀ ਵਿਚ ਰੌਕ ਗਾਰਡਨ ਦੇ ਖੁੱਲ੍ਹੇ ਮੰਚ ਉਤੇ ਕੀਤਾ ਗਿਆ। ਇਹ ਨਾਟਕ ਕਿਸੇ ਚਿੱਤਰਕਾਰ ਦੀ ਕਲਪਨਾ ਵਿਚ ਬਣਾਏ ਚਿੱਤਰ ਦਾ ਰੂਪ ਰੱਖਦਾ ਹੈ। ਔਰਤ ਦੀ ਜ਼ਿੰਦਗੀ ਨਾਲ ਜੁੜਦਾ ਅਤੇ ਉਹਦੇ ਹਾਵਾਂ ਭਾਵਾਂ ਨੂੰ ਦੱਸਦਾ ਹੋਇਆ ਇਸ ਨਾਟਕ ਦਾ ਆਪਣਾ ਇਕ ਪਰੀ ਕਹਾਣੀ ਵਾਲਾ ਮੁਹਾਵਰਾ ਹੈ ਅਤੇ ਇਹਦੀ ਪੇਸ਼ਕਾਰੀ ਵੀ ਪਰੀ ਕਹਾਣੀ ਦੀ ਸ਼ੈਲੀ ਵਿਚ ਹੀ ਕੀਤੀ ਗਈ।

ਹਰ ਵਿਅਕਤੀ ਜਿਸ ...
ਵਿਚਰਦਾ ਹੈ, ਉਹਦੇ ਸੁਫਨੇ ...
ਅਤੇ ਉਸ ਦੀ ਸੋਚ, ਉਸੇ ...
ਹੈ। 'ਕਿਚਨ ਕਥਾ' ਇਕ ...
ਹੈ। ਉਹਦੀ ਪੀੜਾ ਦੀ ਕਹ...
ਖੁਸ਼ੀਆਂ ਦੀ ਕਹਾਣੀ ਹੈ ...
ਕਿਚਨ ਦੇ ਪ੍ਰਤੀਕਾਂ ਰਾਹੀਂ ...
ਹੈ। ਪੰਜਾਬੀ ਲੋਕ-ਬੋਲੀਆਂ ...
ਸੁਰਜੀਤ ਪਾਤਰ ਨੇ ਆਪ...
ਬੜੇ ਹੀ ਸੁਚੱਜੇ ਢੰਗ ਨਾਲ ...
ਦੇ ਪੱਜ ਰੋਣਾ, ਸ਼ੀਰਣੀਆਂ ...
ਦੀਆਂ ਚਿੜੀਆਂ ਬਣਾਉਣਾ ...
ਗੁੱਡੀਆਂ ਬਣਾਉਣੇ, ਗੁੱਡੇ-...
ਦੇਣੀਆਂ, ਮਿੱਠੇ ਚੌਲਾਂ ਦੀ ...
ਕੁੱਟਣਾ, ਪੂਦਨੇ ਦਾ ਕਰਾ...
ਸਾਰੀਆਂ ਗੱਲਾਂ ਨੂੰ ਔਰਤ ...
ਕਿਰਿਆ ਨਾਲ ਜੋੜ ਕੇ ਇ...
ਉਸਾਰੀ ਗਈ ਜੋ ਆਪਣੇ ...
ਉਤਮ ਕਲਾ ਦਾ ਨਮੂਨਾ ਹੈ ...
ਹੈ, ਸੰਵੇਦਨਸ਼ੀਲਤਾ ਹੈ। ਨਾ...
ਨਾਟਕਲਾ ਦੀ ਇਹ ਵਿਸ਼ੇਸ਼...
ਕੁਝ ਪ੍ਰਤੀਕਾਂ ਦੇ ਰੂਪ ਵਿ...
ਉਹਦਾ ਥੀਏਟਰ ਮੁਹਾਵਰ...
ਇਸ ਕਰਕੇ ਬਹੁਤ ਕੁਝ ...
ਜਾਂਦਾ ਹੈ। ਪਰ ਉਸ ਦੇ ...
ਮੰਚ ਸਜਾਵਟ ਅਤੇ ਮੰਚ ...
ਸੁਖਾਵਾਂ ਅਸਰ ਰੱਖਦੀ ਹੈ। ...
ਇਹ ਸਭ ਕੁਝ ਮੌਜੂਦ ਸੀ ...

ਦੋਵੇਂ ਨਾਟਕ ਵੇਖਣ ਤੋਂ ...
ਜਿਹੜਾ ਧਿਆਨ ਮੰਗਦਾ ...
ਵਲੋਂ ਪੰਜਾਬੀ ਬੋਲੀ ਦਾ ...
'ਮੇਲੋ' ਵਿਚ ਮੇਲੋ ਦੇ ਰੂਪ ...
ਜਾਂ ਹੋਰ ਪਾਤਰ ਸੁਲੇਮਾਨ, ...
ਸੂਦ, ਜੋ ਪੰਜਾਬੀ ਬੋਲਦੇ ...